

# ਲੋਕ ਨਾਚ



# ਗਿੱਧਾ

ਗਿੱਧਾ ਪੰਜਾਬੀ ਔਰਤਾਂ ਤੇ ਮੁਟਿਆਂਰਾ ਦਾ ਪ੍ਰਸਿੱਧ ਲੋਕ ਨਾਚ ਹੈ, ਜੋ ਜਨਮ , ਵਿਆਹ ਤੀਆਂ ਅਤੇ ਜਾਗੋਂ ਆਦਿ ਅਵਸਰਾਂ ਤੇ ਪਾਇਆ ਜਾਂਦਾ ਹੈ । ਗਿੱਧੇ ਦੇ ਅਰਥ ਗੀਤ- ਤਾਲ ਅਤੇ ਗਾਉਣ ਵੇਲੇ ਹੱਥ ਦੀ ਤਾੜੀ ਨਾਲ ਦਿੱਤੇ ਜਾਂਦੇ ਹਨ। ਗਿੱਧੇ ਵਿੱਚ ਕਿਸੇ ਵਿਆਹ ਅਵਸਰ ਤੇ ਬਰਾਤ ਚੜ੍ਹਨ ਤੋਂ ਪਿੱਛੋਂ ਔਰਤਾਂ ਇੱਕਠੀਆਂ ਹੋ ਕੇ ਪਾਉਂਦੀਆਂ ਹਨ , ਜਿਸ ਨੂੰ ਗਿੱਧਾ ਪਾਉਣਾ ਕਹਿੰਦੇ ਹਨ। ਗਿੱਧਾ ਅਕਸਰ ਵਿਆਹ ਤੋ ਇੱਕ ਦਿਨ ਪਹਿਲਾਂ ਰਾਤ ਨੂੰ "ਜਾਗੋ" ਕੱਢਣ ਦੀ ਰੀਤ ਤੇ ਪਾਇਆ ਜਾਂਦਾ ਹੈ, ਜਿਸ ਵਿੱਚ ਔਰਤਾਂ ਵਿਆਹ ਵਾਲੀ ਕੰਨਿਆ ਦੀ ਭਰਜਾਈ ਜਾਂ ਮਾਮੀ ਨੂੰ ਗਾਗਰ ਚੁੱਕਾ ਕੇ ਗਲੀਆਂ ਵਿਚੱ ਗੀਤ ਗਾਉਂਦੀਆਂ ਹੋਈਆਂ ਗਿੱਧਾ ਪਾਉਦੀਆਂ ਹਨ । ਤੀਆਂ ਦੇ ਤਿਉਹਾਰ ਦੇ ਸਮੇਂ ਵੀ ਗਿੱਧਾ ਪਾਇਆ ਜਾਂਦਾ ਹੈ। ਇੱਹ ਸਾਵਣ ਮਹੀਨੇ ਦਾ ਤਿਉਹਾਰ ਹੈ ਦਿਸ ਵਿੱਚ ਵਿਆਹੀਆਂ ਕੁੜੀਆਂ ਪੇਕੇ ਘਰ ਆ ਕੇ ਪਿੰਡ ਦੀਆਂ ਮੁਟਿਆਂਰਾ ਨਾਲ ਮਿਲ ਕੇ ਗਿੱਧਾ ਪਾਉਦੀਆਂ ਤੇ ਪੀਘਾਂ ਝੂਟਦੀਆਂ ਹਨ ।

ਗਿੱਧਾ ਪਾਉਣ ਸਮੇਂ ਔਰਤਾਂ ਆਸੇ - ਪਾਸੇ ਪਿੜ ਬੰਨ੍ਹਾਂ ਕੇ ਖਲ੍ਹੋ ਜਾਦੀਆਂ ਹਨ ਤੇ ਇੱਕ ਦੋ ਕੁੜੀਆਂ ਬੋਲੀ ਸ਼ੁਰੂ ਕਰਦੀਆਂ ਹਨ ਤੇ ਬੋਲੀਆਂ ਦੀ ਤਾਲ ਤੇ ਗਿੱਧਾ ਪਾਉਦੀਆਂ ਹਨ । ਗਿੱਧੇ ਨੂੰ ਅੱਡੀ ਦੀ ਧਮਕ ਤੇ ਤਾੜੀ ਦਾ ਨਾਚ ਵੀ ਕਿਹਾ ਜਾਂਦਾ ਹੈ। ਕਈ ਵਾਰ ਤਾਲ ਲਈ ਢੋਲਕੀ ਵੀ ਵਜਾਂਈ ਜਾਂਦੀ ਹੈ। ਦਿਨ-ਬ-ਦਿਨ ਇੱਹ ਲੋਕ ਨਾਚ ਅਲੋਪ ਹੁੰਦਾ ਜਾ ਰਿਹਾ ਹੈ ਕਿਉਕੀ ਅੱਜ ਕੱਲ ਦੀਆਂ ਮੁਟਿਆਂਰਾਂ ਅਤੇ ਗੱਭਰੂ “ਪੱਛਮੀਕਰਨ” ਦੇ ਵੱਲ ਵਧਦੇ ਜਾ ਰਹੇ ਹਨ ਜਿਸ ਕਾਰਨ ਪੰਜਾਬ ਦੇ ਲੋਕ ਨਾਚ ਅਤੇ ਲੋਕ ਗੀਤਾਂ ਦੀ ਮਹੱਤਤਾ ਘਟਦੀ ਜਾ ਰਹੀ ਹੈ।

# ਭੰਗੜਾ

ਪੰਜਾਬੀ ਗੱਭਰੂਆਂ ਦਾ ਹਰਮਨ ਪਿਆਰਾ ਲੋਕ ਨਾਚ ਭੰਗੜਾ ਹੈ। ਪ੍ਰਚੀਨ ਸਮਿਆਂ ਵਿੱਚ ਭੰਗੜਾ ਕਿਸਾਨਾਂ ਦੇ ਖ਼ੁਸ਼ੀ ਵਿੱਚ ਨੱਚਣ ਦੀ ਕਿਰਿਆਂ , ਜਦੋ ਪੰਜਾਬ ਦੀ ਮੁੱਖ ਫਸਲ ਪੱਕ ਜਾਂਦੀ ਸੀ ਉਸ ਵੇਲੇ ਵਿਸਾਖੀ ਦੇ ਸਮੇਂ ਮੇਲੇਆਂ ਵਿੱਚ ਭੰਗੜਾ ਖ਼ੁਸ਼ੀ ਵਿੱਚ ਨੱਚਿਆਂ ਜਾਣ ਵਾਲਾ ਲੋਕ ਨਾਚ ਹੈ ਜਿਸਦਾ ਸੰਬੰਧ ਢੋਲ ਅਤੇ ਤਾਲ ਨਾਲ ਹੈ। ਭੰਗੜੇ ਦੀ ਪੰਜ ਮੁੱਖ ਤਾਲਾਂ ਹਨ:-

- ਭੰਡਾਰਾ
- ਦੰਗਲ
- ਭੰਗੜਾ
- ਲੱਡੀ
- ਝੂਮਰ

ੴ

ਵਾਹਿਗੁਰੂ ਜੀ ਕਾ ਖਾਲਸਾ |
ਵਾਹਿਗੁਰੂ ਜੀ ਕੀ ਫਤਹਿ ||

ਭੰਗੜਾ ਲੋਕ ਨਾਚ ਦਾ ਮੂਲ ਭਾਵ ਮਸਤੀ, ਜੋਸ਼, ਪਿਆਰ ਤੇ ਚਾਅ ਦਾ ਹੈ। ਹਰ ਲੋਕ ਨਾਚ ਦੀ ਤਰ੍ਹਾਂ ਭੰਗੜੇਂ ਦਾ ਵੀ ਇੱਕ ਅਲੱਗ ਪਹਿਰਾਵਾ ਹੈ, ਜਿਸ ਵਿੱਚ ਗੱਭਰੂ ਕੁੜਤਾ , ਚਾਦਰਾ, ਤੁਰਲੇ ਵਾਲੀ ਪੱਗ , ਕੱਢਵੀ ਜੁੱਤੀ ਅਤੇ ਕੈਠਾਂ ਪਾ ਕੇ ਭੰਗੜਾ ਪਾਉਂਦੇ ਹਨ। ਪਰ ਦਿਨ-ਬ-ਦਿਨ ਬਾਕੀ ਲੋਕ ਨਾਚਾਂ ਵਾਂਗ ਭੰਗੜੇ ਵਿੱਚ ਵੀ ਦੂਜੇ ਲੋਕ ਨਾਚ ਮਿਲਾਏ ਜਾਂਦੇ ਹਨ ।ਅਤੇ ਇੱਹ ਸਿਰਫ ਸਟੇਜਾਂ ਤੇ ਹੀ ਨੱਚਿਆ ਜਾਂਦਾ ਹੈ ਜਦ ਕਿ ਪਹਿਲਾ ਗੱਭਰੂ ਪਿੰਡਾਂ ਵਿੱਚ ਖੁੱਲੇ ਖਾਵਾਂ ਤੇ ਮੇਲੇਆਂ ਵਿੱਚ ਪਾਇਆਂ ਜਾਂਦਾ ਸੀ। ਅੱਜ ਕੱਲ ਭੰਗੜੇ ਵਿੱਚ ਵੀ ਅਸੀ ਪੱਛਮੀਕਰਨ ਦੀ ਝਲਕ ਸਾਫ ਦੇਖ ਸਕਦੇ ਹਾਂ।

Special credit :- **Jasdeep kaur ji , Gulab singh ji**